(i) Printed Pages : 3 Roll No. ..............................

(ii) Questions : 4 **Sub. Code : 1 1 3 9 1**

**Exam. Code : 5 0 0 4**

**Bachelor of Arts (FYUP) 4th Semester**

**(2056)**

**PUNJABI**

**Paper : Punjabi Natak Bhasha Ate Vyakaran**

**Time Allowed : Three Hours]** **[Maximum Marks : 45**

## ਯੂਨਿਟ-ਪਹਿਲਾ

1. ਨਾਟਕ ਦੀ ਪਰਿਭਾਸ਼ਾ, ਸਰੂਪ ਤੇ ਵਿਸ਼ੇਸ਼ਤਾਵਾਂ ਲਿਖੋ।

**ਜਾਂ**

'ਰੰਗ-ਮੰਚ ਤੋਂ ਬਿਨਾਂ ਨਾਟਕ ਦੀ ਕੋਈ ਹੋਂਦ ਨਹੀਂ।' ਇਸ ਕਥਨ ਸੰਬੰਧੀ ਆਪਣੇ ਵਿਚਾਰ ਪ੍ਰਗਟ ਕਰੋ। 8×1=8

## ਯੂਨਿਟ-ਦੂਜਾ

2. (ੳ) ਕੋਈ **ਪੰਜ** ਪ੍ਰਸ਼ਨ ਕਰੋ:

(1) ਨਾਟਕਕਾਰ 'ਇਸ਼ਕ ਦੇ ਭੂਤ' ਬਾਰੇ ਕੀ ਕਹਿੰਦਾ ਹੈ?

(2) ਬਚਨੇ ਤੇ ਜੈਕੁਰ ਦੇ ਕਿੰਨੇ ਬੱਚੇ ਹੋਏ ਤੇ ਉਹ ਕਿਹੋ ਜਿਹੇ ਸਨ?

(3) ਧਿੰਦੀ ਘੋਗੇ ਦੇ ਸੋਟੀ ਕਿਉਂ ਮਾਰਦਾ ਹੈ?

(4) ਜੈਕੁਰ ਬਚਨੇ ਨੂੰ ਆਪਣੇ ਸੁਪਨੇ ਬਾਰੇ ਕੀ ਦੱਸਦੀ ਹੈ?

(5) 'ਸੱਤ ਬਗਾਨੇ' ਨਾਟਕ ਵਿੱਚ ਕਿਹੜੇ ਦੋ ਕਿੱਸਿਆਂ ਦਾ ਜ਼ਿਕਰ ਆਉਂਦਾ ਹੈ?



Scanned with OKEN Scanner

(6) ਨਾਹਰੀ ਨੇ ਆਪਣੇ ਜ਼ੁਰਮ ਦਾ ਇਕਬਾਲ ਕਿਉਂ ਨਹੀ ਕੀਤਾ?

(7) ਨਾਟਕਕਾਰ ਨੇ ਸੱਤ ਬਗਾਨੇ ਨਾਟਕ ਦੇ ਤੀਜੇ ਐਕਟ ਨੂੰ ਕੀ ਨਾਂ ਦਿੱਤਾ ਹੈ? 5×1=5

(ਅ) ਕੋਈ **ਇਕ** ਪ੍ਰਸ਼ਨ ਹੱਲ ਕਰੋ:

(1) 'ਸੱਤ ਬਗਾਨੇ' ਨਾਟਕ ਕਿਸਦੀ ਰਚਨਾ ਹੈ? ਇਸ ਦਾ ਵਿਸ਼ਾ ਦੱਸਦੇ ਹੋਏ ਇਸਦਾ ਸਾਰ ਲਿਖੋ।

(2) ਜੈਕੁਰ ਦਾ ਚਰਿੱਤਰ-ਚਿਤਰਨ ਕਰੋ।

(3) ਹੇਠ ਲਿਖੇ ਵਾਰਤਾਲਾਪ ਦੀ ਪ੍ਰਸੰਗ ਸਾਹਿਤ ਵਿਆਖਿਆ ਕਰੋ:

"ਤੂੰ ਤਾਂ ਮੁਰੱਬਿਆਂ ਦਾ ਮਾਲਕ ਐਂ। ਤੇਰੇ ਤਾਂ ਮੈਨੂੰ ਦੀਹਦੀਆਂ ਲੂਹਲਾਂ ਲਮਕਦੀਆਂ! ਧੇਲੇ ਦੀ ਅਕਲ ਨੀ। ਗੱਲ ਥੋੜੀ ਕਰਦਾ ਥੁੱਕ ਬਉੜ੍ਹਾ ਸੁਟਦੈ। ਮੁਰੱਬੇ ਤੇਰੇ ਦੱਸ ਕੀ ਚੱਟਣੈ ਐਂ"।

7×1=7

## ਯੂਨਿਟ-ਤੀਜਾ

3. (ੳ) ਕਿਸੇ **ਇੱਕ** ਵਿਸ਼ੇ ਉਤੇ ਸੂਚਨਾ ਹਿੱਤ ਨੋਟਿਸ ਲਿਖੋ:

(1) ਪੰਜਾਬੀ ਸਾਹਿਤ ਸਭਾ ਦੇ ਅਹੁਦੇਦਾਰਾਂ ਦੀ ਚੋਣ।

(2) ਖ਼ੂਨਦਾਨ ਕੈਂਪ। 5×1=5

(ਅ) ਕੋਈ **ਇੱਕ** ਪ੍ਰਸ਼ਨ ਹੱਲ ਕਰੋ:

(1) ਪੰਜਾਬੀ ਬੋਲੀ ਦੇ ਨਾਮਕਰਨ ਬਾਰੇ ਦੱਸੋ ਕਿ ਇਸਦਾ ਪੰਜਾਬੀ ਨਾਂ ਕਦੋਂ ਪਿਆ?

(2) ਪੰਜਾਬੀ ਭਾਸ਼ਾ ਦੇ ਉਹ ਕਿਹੜੇ ਪਛਾਣ ਚਿੰਨ੍ਹ ਹਨ ਜਿਹਨਾਂ ਕਰਕੇ ਪੰਜਾਬੀ ਇੱਕ ਵੱਖਰੀ ਭਾਸ਼ਾ ਮੰਨੀ ਜਾ ਸਕਦੀ ਹੈ? 8×1=8



Scanned with OKEN Scanner

## ਯੂਨਿਟ–ਚੋਥਾ

4. (ੳ) ਕਿਸੇ **ਦੋ** ਪ੍ਰਸ਼ਨਾਂ ਦੇ ਢੁਕਵੇਂ ਉਤੱਰ ਦਿਉ:

(1) ਧੁਨੀਗ੍ਰਾਮ ਕਿਸਨੂੰ ਆਖਦੇ ਹਨ? ਉਦਾਹਰਨ ਦੇ ਕੇ ਵਿਚਾਰ ਕਰੋ।

(2) ਉਚਾਰਨ ਸਥਾਨ ਤੋਂ ਕੀ ਭਾਵ ਹੈ? ਉਚਾਰਨ ਸਥਾਨ ਦੇ ਆਧਾਰ ਤੇ ਪੰਜਾਬੀ ਵਿਅੰਜਨ ਧੁਨੀਆਂ ਦਾ ਵਰਗੀਕਰਨ ਕਰੋ।

(3) ਵਿਆਕਰਨ ਦੇ ਮੁੱਖ ਤੱਤਾਂ ਨਾਲ ਸੰਖੇਪ ਜਾਣ-ਪਛਾਣ ਕਰਾਉ।

3½×2=7

(ਅ) ਸਾਹਮਣੇ ਬ੍ਰੈਕਟਾਂ ਵਿੱਚ ਲਿਖੇ ਅਨੁਸਾਰ ਕਿਸੇ **ਪੰਜ** ਪ੍ਰਸ਼ਨਾਂ ਦੇ ਉੱਤਰ ਦਿਉ:

(1) ਹਰਬੰਸ ਉੱਚੀ-ਉੱਚੀ ਰੋ ਰਿਹਾ ਹੈ। (ਬੱਲ ਕਿਥੇ ਹੈਂ)

(2) ਭਾਰਤ ਦੀ ਟੀਮ ਮੈਚ ਖੇਡੇਗੀ। (ਅੜੱਕਵੇਂ ਵਿਅੰਜਨ ਚੁਣੋ)

(3) ਮੁੱਖ ਮੰਤਰੀ ਨੇ ਪਿੰਡ ਦਾ ਦੌਰਾ ਕੀਤਾ।
(ਗਲਾਈਦਾਰ ਸਵਰ ਕਿਹੜਾ ਹੈ)

(4) ਮਾਂਵਾਂ ਠੰਡੀਆਂ ਛਾਂਵਾਂ। (ਤਾਲਵੀ ਵਿਅੰਜਨ ਚੁਣੋਂ)

(5) ਉਹ ਆਪਣਾ ਘੋੜਾ ਲੈ ਕੇ ਘਰ ਨੂੰ ਚਲਾ ਗਿਆ।
(ਘੋੜਾ ਸ਼ਬਦ ਦਾ ਇਸਤਰੀ ਲਿੰਗ ਬਣਾਉ)

(6) ਕੁੜੀ ਟੈਲੀਫੋਨ ਤੇ ਗੱਲ ਕਰ ਰਹੀ ਹੈ।
(ਕਿਹੜੇ-ਕਿਹੜੇ ਦੀਰਘ ਸਵਰ ਦੀ ਵਰਤੋਂ ਹੈ) 5×1=5



Scanned with OKEN Scanner